

सेरेब्रल पाल्सी अलाइंस (सी पी ए) (दिमागी लकवा गठजोड़) इस धरती के परंपरागत निगरानों नूं सवीकार करदा है, अते ज़मीन, पाणी अते भाईचारे नाल ओहनां दे निरंतर सबंध नूं मानता दिंदा है। असीं आदिवासी अते टोरेस सट्रेट आइलैंडर सभिआचारां नूं अते पुराणे, वरतमान अते आउण वाले बज़ुरगां लई आपणा सतिकार पेश़ करदे हां।

ਸੇਰੇਬ੍ਰਲ ਪਾਲਸੀ (ਸੀ ਪੀ) ਕੀ ਹੈ?

ਅਸੀਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਇੱਥੇ ਹਾਂ। ਸੇਰੇਬ੍ਰਲ ਪਾਲਸੀ ਲਈ ਜਲਦੀ ਸਹਾਇਤਾ ਮਿਲਨਾ ਤੁਹਾਡੇ ਬੱਚੇ ਦੇ ਵਿਕਾਸ ਅਤੇ ਸਿੱਖਣ ਵਿੱਚ ਵੱਡਾ ਫਰਕ ਲਿਆ ਸਕਦਾ ਹੈ।

ਸੇਰੇਬ੍ਰਲ ਪਾਲਸੀ (ਦਿਮਾਗੀ ਲਕਵਾ) ਕੀ ਹੈ?

ਸੇਰੇਬ੍ਰਲ ਪਾਲਸੀ (ਸੀ ਪੀ) ਇੱਕ ਅਜਿਹੀ ਬਿਮਾਰੀ ਹੈ ਜੋ ਪ੍ਰਭਾਵਿਤ ਕਰਦੀ ਹੈ ਕਿ ਇੱਕ ਵਿਅਕਤੀ ਦਾ ਦਿਮਾਗ ਉਹਨਾਂ ਦੀਆਂ ਮਾਸਪੇਸ਼ੀਆਂ ਨਾਲ ਕਿਵੇਂ ਗੱਲ ਕਰਦਾ ਹੈ। ਸੇਰੇਬ੍ਰਲ ਦਾ ਅਰਥ ਹੈ ਦਿਮਾਗ। ਪਾਲਸੀ ਦਾ ਅਰਥ ਹੈ ਮਾਸਪੇਸ਼ੀਆਂ ਦੀ ਕਮਜ਼ੋਰੀ। ਇਹ ਉਹ ਚੀਜ਼ ਹੈ ਲੋਕਾਂ ਨੂੰ ਜਨਮ ਸਮੇਂ ਤੋਂ ਹੀ ਹੁੰਦੀ ਹੈ ਜਾਂ ਉਦੋਂ ਹੋ ਜਾਂਦੀ ਹੈ ਜਦੋਂ ਉਹ ਬਹੁਤ ਛੋਟੇ ਹੁੰਦੇ ਹਨ ਅਤੇ ਇਹ ਬਚਪਨ ਵਿਚ ਹੋਣ ਵਾਲੀ ਸਭ ਤੋਂ ਆਮ ਸਰੀਰਕ ਅਪੰਗਤਾ ਹੈ। ਸੀ ਪੀ ਵਾਲੇ ਲੋਕਾਂ ਨੂੰ ਹਿੱਲਣ- ਜੁਲਣ ਵਿੱਚ, ਸੰਤੁਲਨ ਬਨਾਉਣ ਅਤੇ ਬੋਲਣ ਵਿੱਚ ਮੁਸ਼ਕਲ ਆ ਸਕਦੀ ਹੈ। ਸੀ ਪੀ ਵਾਲਾ ਹਰੇਕ ਵਿਅਕਤੀ ਵਿਲੱਖਣ ਹੈ ਅਤੇ ਉਸ ਨੂੰ ਵੱਖ-ਵੱਖ ਕਿਸਮਾਂ ਦੀ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਸੇਰੇਬ੍ਰਲ ਪਾਲਸੀ ਦੀਆਂ ਕਿਸਮਾਂ

ਸੀ ਪੀ ਦੀਆਂ ਵੱਖ-ਵੱਖ ਕਿਸਮਾਂ ਹਨ, ਜੋ ਸਰੀਰ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦੀਆਂ ਹਨ। ਕੁਝ ਲੋਕਾਂ ਦੀਆਂ ਮਾਸਪੇਸ਼ੀਆਂ ਜਕੜੀਆਂ ਹੋਈਆਂ ਹੋ ਸਕਦੀਆਂ ਹਨ, ਦੂਜੇ ਕੁਝ ਲੋਕਾਂ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਸਕਦੀਆਂ ਹਨ, ਅਤੇ ਕੁਝ ਦੀਆਂ ਦੋਵੇਂ ਹੀ ਹੋ ਸਕਦੀਆਂ ਹਨ। ਸੀ ਪੀ ਸਰੀਰ ਦੇ ਇੱਕ ਪਾਸੇ, ਜਾਂ ਦੋਵਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਸੇਰੇਬ੍ਰਲ ਪਾਲਸੀ ਦਾ ਕਾਰਨ ਕੀ ਹੈ?

ਸੀ ਪੀ ਉਦੋਂ ਹੋ ਸਕਦੀ ਹੈ ਜਦੋਂ ਬੱਚੇ ਦਾ ਦਿਮਾਗ ਜਨਮ ਤੋਂ ਪਹਿਲਾਂ, ਜਨਮ ਦੇ ਦੌਰਾਨ ਜਾਂ ਬਾਅਦ ਵਿੱਚ ਪ੍ਰਭਾਵਿਤ ਹੁੰਦਾ ਹੈ। ਇਹ ਆਕਸੀਜਨ ਦੀ ਕਮੀ, ਲਾਗਾਂ, ਜਾਂ ਜਲਦੀ ਜਨਮ ਲੈਣ ਕਾਰਨ ਹੋ ਸਕਦਾ ਹੈ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸੀ ਪੀ ਦੇ ਹੋਣ ਵਿਚ ਕਿਸੇ ਦੀ ਗਲਤੀ ਨਹੀਂ ਹੈ।

Cerebral Palsy ALLIANCE

ਸੇਰੇਬ੍ਰਲ ਪਾਲਸੀ ਦੇ ਚਿੰਨ੍ਹ ਅਤੇ ਲੱਛਣ

ਬੱਚਿਆਂ ਦਾ ਵਿਕਾਸ ਵੱਖ-ਵੱਖ ਗਤੀ ਦੇ ਨਾਲ ਹੁੰਦਾ ਹੈ ਅਤੇ ਸੇਰੇਬ੍ਰਲ ਪਾਲਸੀ ਦੇ ਲੱਛਣ ਵੱਖ-ਵੱਖ ਹੋ ਸਕਦੇ ਹਨ ਪਰ ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਹਿੱਲਣ- ਜੁਲਣ ਦੇ ਮੀਲਪੱਥਰ ਤੱਕ ਪਹੁੰਚਣ ਵਿੱਚ ਦੇਰੀ ਜਿਵੇਂ ਕਿ ਰਿੜ੍ਹਨਾ ਅਤੇ ਤੁਰਨਾ
- ਹੱਥਾਂ ਅਤੇ ਬਾਹਾਂ ਦੀ ਵਰਤੋਂ ਕਰਨ ਵਿੱਚ ਮੁਸ਼ਕਲ
- ਬੋਲਣ ਜਾਂ ਖਾਣ ਵਿੱਚ ਮੁਸ਼ਕਲ



ਸੀ ਪੀ ਏ ਤੁਹਾਡੇ ਬੱਚੇ ਦੀ ਕਿਵੇਂ ਮਦਦ ਕਰ ਸਕਦਾ ਹੈ

ਸੀ ਪੀ ਵਿੱਚ ਮਾਹਿਰ ਹੋਣ ਦੇ ਨਾਤੇ, ਅਸੀਂ ਤੁਹਾਡੇ ਬੱਚੇ ਦੀ ਹਿੱਲ-ਜੁਲ ਅਤੇ ਤੁਰਨ-ਫਿਰਨ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਲਈ ਹਾਂ। ਸਾਡਾ ਟੀਚਾ ਤੁਹਾਡੇ ਬੱਚੇ ਨੂੰ ਉਹ ਕੰਮ ਕਰਨ ਵਿੱਚ ਸਹਾਇਤਾ ਕਰਨਾ ਹੈ ਜੋ ਉਹਨਾਂ ਲਈ, ਇੱਕ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜਿਉਣ ਲਈ ਮਹੱਤਵਪੂਰਨ ਹਨ। ਸਾਡੀ ਸਹਾਇਕ ਟੀਮ ਪ੍ਰਦਾਨ ਕਰ ਸਕਦੀ ਹੈ:

ਥੈਰੇਪੀਆਂ: ਸਾਡੇ ਥੈਰੇਪਿਸਟ ਤੁਹਾਡੇ ਬੱਚੇ ਦੁਆਰਾ ਹਿੱਲ-ਜੁਲ ਕਰਨ, ਸੰਤੁਲਨ ਬਨਾਉਣ, ਬੋਲਣ ਅਤੇ ਖਾਣ-ਪੀਣ ਵਿੱਚ ਮਦਦ ਕਰ ਸਕਦੇ ਹਨ।

ਉਪਕਰਨ (ਸਹਾਇਕ ਤਕਨਾਲੋਜੀ): ਅਸੀਂ ਰੋਜ਼ਾਨਾ ਦੇ ਕੰਮਾਂ ਨੂੰ ਆਸਾਨ ਬਣਾਉਣ ਲਈ ਔਰਥੋਟਿਕਸ (ਲੱਤਾਂ ਵਾਸਤੇ ਸਪੋਰਟ), ਵ੍ਹੀਲਚੇਅਰਾਂ, ਅਤੇ ਸੰਚਾਰ ਸਾਧਨਾਂ ਵਰਗੇ ਔਜ਼ਾਰ ਅਤੇ ਉਪਕਰਨ ਮੁਹੱਈਆ ਕਰਦੇ ਹਾਂ।

ਹੋਰ ਸਹਾਇਤਾਵਾਂ: ਸਹਾਇਤਾਵਾਂ NSW ਅਤੇ ACT ਦੇ ਵੱਖ-ਵੱਖ ਕੇਂਦਰਾਂ ਵਿੱਚ ਉਪਲਬਧ ਹਨ ਜਿਸ ਵਿੱਚ ਪਹੁੰਚਯੋਗ ਜਿੰਮ, ਪ੍ਰੋਗਰਾਮ ਅਤੇ ਦੰਦਾਂ ਦੀਆਂ ਸੇਵਾਵਾਂ ਸ਼ਾਮਲ ਹਨ।

ਸਹਾਇਤਾ ਲਈ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ?

NDIS ਇੱਕ ਸਰਕਾਰੀ ਪ੍ਰੋਗਰਾਮ ਹੈ ਜੋ ਅਸਮਰਥਤਾਵਾਂ ਵਾਲੇ ਲੋਕਾਂ ਲਈ ਸਹਾਇਤਾ ਸੇਵਾਵਾਂ, ਜਿਵੇਂ ਕਿ ਥੈਰੇਪੀਆਂ ਅਤੇ ਉਪਕਰਨਾਂ ਲਈ ਭੁਗਤਾਨ ਦਿੰਦਾ ਹੈ। ਜਲਦੀ ਸਹਾਇਤਾ ਪ੍ਰਾਪਤ ਕਰਨਾ ਮਹੱਤਵਪੂਰਨ ਹੈ ਅਤੇ NDIS ਭੁਗਤਾਨ ਪ੍ਰਾਪਤ ਕਰਨ ਵਿੱਚ ਸਮਾਂ ਲੱਗ ਸਕਦਾ ਹੈ। ਜਦੋਂ ਤੁਸੀਂ ਉਡੀਕ ਕਰ ਰਹੇ ਹੁੰਦੇ ਹੋ ਤਾਂ ਸੀ ਪੀ ਏ ਹੋਰ ਫੰਡਿੰਗ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ।

ਅਸੀਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਇੱਥੇ ਹਾਂ। ਸਵਾਲਾਂ ਜਾਂ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਦੋਸਤਾਨਾ ਟੀਮ ਨਾਲ ਗੱਲ ਕਰੋ।

1300 888 378 'ਤੇ ਫ਼ੋਨ ਕਰੋ ਜਾਂ ਵੈੱਬਸਾਈਟ cerebralpalsy.org.au 'ਤੇ ਜਾਓ।

Cerebral Palsy ALLIANCE